

# BUDGET 2018 CONSULTATION

BRITISH COLUMBIA

## ਬਜਟ 2018 ਬਾਰੇ ਸਲਾਹ-ਮਸ਼ਵਰਾ

ਸਰਕਾਰ ਸਾਡੇ ਸਭ ਤੋਂ ਵੱਡੇ ਸ੍ਰੋਤ – ਲੋਕਾਂ – ਵਿਚ ਪੂੰਜੀ-ਨਿਵੇਸ਼ ਕਰਕੇ ਲੰਬੇ ਸਮੇਂ ਲਈ, ਬਰਕਰਾਰ ਰਹਿਣ ਯੋਗ ਰਾਹ ਤਿਆਰ ਕਰ ਰਹੀ ਹੈ।

ਬਜਟ 2017 ਅਪਡੇਟ ਬ੍ਰਿਟਿਸ਼ ਕੋਲੰਬੀਆ ਲਈ ਇਕ ਨਵੇਂ ਸੁਪਨੇ ਦੀ ਨੁਮਾਇੰਦਗੀ ਕਰਦਾ ਹੈ। ਇਹ ਸਾਡੇ ਸੂਬੇ ਵਿਚ ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣ ਅਤੇ ਹਰ ਇਕ ਲਈ ਸੇਵਾਵਾਂ ਵਿਚ ਸੁਧਾਰ ਕਰਨ ਲਈ ਅਤੇ ਇਸੇ ਵੇਲੇ ਅਜਿਹੀ ਮਜ਼ਬੂਤ ਬਰਕਰਾਰ ਰਹਿਣ ਯੋਗ ਇਕੌਨਮੀ ਉਸਾਰਨ ਲਈ ਪਹਿਲੇ ਕਦਮ ਚੁੱਕਦਾ ਹੈ ਜਿਹੜੀ ਹਰ ਇਕ ਲਈ ਕੰਮ ਕਰਦੀ ਹੈ।

[Punjabi]

## **ਬਜਟ 2017 ਅਪਡੇਟ** *ਖਾਸੀਅਤਾਂ*

*ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣਾ, ਸਮੇਤ ਇਨ੍ਹਾਂ ਦੇ:*

### ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਪ੍ਰੀਮੀਅਮਜ਼ ਨੂੰ ਹਰ ਇਕ ਲਈ ਅੱਧੇ ਕਰਨਾ

1 ਜਨਵਰੀ, 2018 ਤੋਂ ਇਕੱਲਿਆਂ ਲਈ ਪ੍ਰਤੀ ਸਾਲ 450 ਡਾਲਰ ਅਤੇ ਪਰਿਵਾਰਾਂ ਲਈ 900 ਡਾਲਰ ਤੱਕ ਦੀਆਂ ਬੱਚਤਾਂ।

### ਵਾਰਾ ਖਾਣ ਯੋਗ ਰਿਹਾਇਸ਼

ਘੱਟ ਤੋਂ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਲਈ ਕਿਰਾਏਦਾਰੀ ਦੇ 1700 ਵਾਰਾ ਖਾਣ ਯੋਗ ਯੂਨਿਟ ਉਸਾਰਨਾ, ਅਤੇ 632 ਮਿਲੀਅਨ ਡਾਲਰ ਦੀ ਇਨਵੈਸਟਮੈਂਟ ਨਾਲ 2,000 ਨਵੇਂ ਬਣੇ ਬਣਾਏ ਰਿਹਾਇਸ਼ੀ ਯੂਨਿਟ ਤਿਆਰ ਕਰਨਾ ਅਤੇ ਇਨ੍ਹਾਂ ਲਈ ਸਟਾਫ ਦੇਣਾ।

### ਬ੍ਰਿਜ ਟੋਲਾਂ ਨੂੰ ਖਤਮ ਕਰਨਾ

ਗੋਲਡਨ ਈਅਰਜ਼ ਜਾਂ ਪੋਰਟ ਮੈਨ ਬ੍ਰਿਜਾਂ ਦੀ ਵਰਤੋਂ ਕਰਨ ਵਾਲੇ ਡਰਾਈਵਰਾਂ ਲਈ ਸਾਲ ਦਾ 1,500 ਡਾਲਰ ਬਚਾਉਣਾ ਅਤੇ ਦਿਨ ਵਿਚ ਔਸਤ ਇਕ ਵਾਰੀ ਕਰੌਸ ਕਰਨ ਵਾਲੇ ਕਮਰਸ਼ੀਅਲ ਡਰਾਈਵਰਾਂ ਲਈ ਸਾਲ ਦੇ 4,500 ਡਾਲਰ ਤੋਂ ਵਧ ਬਚਾਉਣਾ।

### ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਦੇ ਰੇਟ

ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਨੂੰ ਮਹੀਨੇ ਦਾ 100 ਡਾਲਰ ਵਧਾਉਣਾ।

*ਉਨ੍ਹਾਂ ਸੇਵਾਵਾਂ ਵਿਚ ਪੂੰਜੀ-ਨਿਵੇਸ਼ ਕਰਨਾ ਜਿਨ੍ਹਾਂ 'ਤੇ ਬ੍ਰਿਟਿਸ਼ ਕੋਲੰਬੀਅਨ ਨਿਰਭਰ ਕਰਦੇ ਹਨ, ਜਿਸ ਵਿਚ ਇਹ ਸ਼ਾਮਲ ਹਨ:*

### ਫੈਂਟਾਨਲ ਐਮਰਜੰਸੀ

ਮਾਨਸਿਕ ਸਿਹਤ ਅਤੇ ਨਸ਼ਿਆਂ ਦੀਆਂ ਸੇਵਾਵਾਂ ਵਿਚ ਸੁਧਾਰ ਕਰਨ ਲਈ ਫੌਰਨ ਕਦਮ ਚੁੱਕਣਾ, ਅਤੇ ਇਸ ਦੇ ਨਾਲ ਨਾਲ 322 ਮਿਲੀਅਨ ਡਾਲਰ ਦੀ ਇਨਵੈਸਟਮੈਂਟ ਨਾਲ ਐਮਰਜੰਸੀ ਨਾਲ ਸਿੱਝਣ ਲਈ ਪੁਲੀਸ ਅਤੇ ਕੋਰੋਨਰ ਦੀ ਸਰਵਿਸ ਵਿਚ ਮਦਦ ਕਰਨਾ।

### ਕੇ -12 ਦੀ ਪੜ੍ਹਾਈ

ਇਹ ਪੱਕਾ ਕਰਨਾ ਕਿ ਵਿਦਿਆਰਥੀਆਂ ਨੂੰ ਉਹ ਮਦਦਾਂ ਮਿਲ ਰਹੀਆਂ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਕਾਮਯਾਬ ਹੋਣ ਲਈ ਲੋੜ ਹੈ, ਜਿਸ ਵਿਚ ਤਿੰਨ ਸਾਲਾਂ ਦੇ ਸਮੇਂ ਦੌਰਾਨ 681 ਮਿਲੀਅਨ ਡਾਲਰ ਦੀ ਵਾਧੂ ਫੰਡਿੰਗ ਨਾਲ 3,500 ਹੋਰ ਟੀਚਰ ਰੱਖਣਾ ਅਤੇ ਸਕੂਲਾਂ ਨੂੰ ਲੋੜੀਂਦੀਆਂ ਥਾਂਵਾਂ ਉਸਾਰਨਾ ਸ਼ਾਮਲ ਹੈ।

### ਚਾਇਲਡ ਕੇਅਰ

ਸਾਲ 2017-18 ਵਿਚ ਅਗੇਤੇ ਬਚਪਨ ਦੇ ਵਿਕਾਸ ਅਤੇ ਚਾਇਲਡ ਕੇਅਰ ਲਈ ਫੰਡਾਂ ਵਿਚ 330 ਮਿਲੀਅਨ ਡਾਲਰ ਦੇਣਾ ਅਤੇ 4,000 ਤੋਂ ਜ਼ਿਆਦਾ ਨਵੀਂਆਂ ਚਾਇਲਡ ਕੇਅਰ ਸੀਟਾਂ ਦੀ ਮਦਦ ਕਰਨਾ।

### ਹੈਲਥੀ ਕਿਡਜ਼ ਪ੍ਰੋਗਰਾਮ ਵਿਚ ਵਾਧਾ

ਦੰਦਾਂ ਦੇ ਇਲਾਜ ਦੇ ਸੁਧਰੇ ਰੇਟਾਂ ਨਾਲ ਘੱਟ ਆਮਦਨ ਵਾਲੇ ਪਰਿਵਾਰਾਂ ਦੀ ਮਦਦ ਕਰਨਾ ਅਤੇ ਸੁਣਨ ਵਿਚ ਮਦਦ ਕਰਨ ਵਾਲੇ ਯੰਤਰਾਂ ਨੂੰ ਕਵਰ ਕਰਨ ਲਈ ਸੇਵਾਵਾਂ ਵਿਚ ਵਾਧਾ ਕਰਨਾ।

### ਬਜ਼ੁਰਗਾਂ ਲਈ ਘਰ ਵਿਚ ਅਤੇ ਰੈਜ਼ੀਡੈਂਸ਼ਲ ਕੇਅਰ ਵਿਚ ਸੰਭਾਲ

189 ਮਿਲੀਅਨ ਡਾਲਰ ਦੀ ਨਵੀਂ ਮਦਦ ਨਾਲ, ਘਰ ਵਿਚ ਰਹਿਣਾ ਚਾਹੁੰਦੇ ਬਜ਼ੁਰਗਾਂ ਦੀ ਮਦਦ ਕਰਨਾ।

### ਰੈਜ਼ੀਡੈਂਸ਼ਲ ਟੈਨੇਸੀ ਬਰਾਂਚ

ਤਿੰਨ ਸਾਲਾਂ ਦੇ ਸਮੇਂ ਦੌਰਾਨ 7 ਮਿਲੀਅਨ ਡਾਲਰ ਦੀ ਇਨਵੈਸਟਮੈਂਟ ਨਾਲ ਉਡੀਕ ਕਰਨ ਦੇ ਸਮਿਆਂ ਨੂੰ ਘਟਾਉਣਾ ਅਤੇ ਕਿਰਾਏਦਾਰਾਂ ਅਤੇ ਲੈਂਡਲਾਰਡਾਂ ਦੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਬਿਹਤਰ ਸਮਝਣ ਵਿਚ ਮਦਦ ਕਰਨਾ।

*ਬਰਕਰਾਰ ਰਹਿਣ ਯੋਗ ਇਕੌਨਮੀ ਬਣਾਉਣਾ ਜਿਹੜੀ ਚੰਗੀਆਂ ਜੌਬਾਂ ਪੈਦਾ ਕਰਦੀ ਹੈ, ਜਿਸ ਵਿਚ ਸ਼ਾਮਲ ਹੈ:*

### ਜੰਗਲਾਂ ਵਿਚ ਅੱਗਾਂ

ਜੰਗਲੀ ਅੱਗਾਂ ਨਾਲ ਸਿੱਝਣ ਵਾਲੇ ਬੁਨਿਆਦੀ ਢਾਂਚੇ ਨੂੰ ਅਪਗਰੇਡ ਕਰਨਾ, ਕਮਿਉਨਿਟੀਆਂ ਦੀ ਜੰਗਲੀ ਅੱਗਾਂ ਤੋਂ ਰੱਖਿਆ ਕਰਨਾ, ਅਤੇ 255 ਮਿਲੀਅਨ ਡਾਲਰ ਦੀ ਇਨਵੈਸਟਮੈਂਟ ਨਾਲ ਕਮਿਉਨਿਟੀਆਂ ਦੀ ਪਹਿਲਾਂ ਵਾਲੀ ਹਾਲਤ ਵਿਚ ਆਉਣ ਵਿਚ ਮਦਦ ਕਰਨਾ।

### ਬਾਲਗ ਸਿੱਖਿਆ

ਬਾਲਗਾਂ ਦੀ ਮੁਢਲੀ ਸਿੱਖਿਆ ਅਤੇ ਪੋਸਟ ਸੈਕੰਡਰੀ ਅਤੇ ਕੇ-12 ਪੱਧਰਾਂ 'ਤੇ ਅੰਗਰੇਜ਼ੀ ਜ਼ਬਾਨ ਸਿੱਖਣ ਲਈ ਮੁਫਤ ਪੜ੍ਹਾਈ ਨੂੰ ਦੁਬਾਰਾ ਬਹਾਲ ਕਰਨਾ ਜੋ ਕਿ ਅਗਸਤ 2017 ਵਿਚ ਸ਼ੁਰੂ ਹੋ ਗਿਆ।

### ਬੁਨਿਆਦੀ ਢਾਂਚੇ 'ਤੇ ਖਰਚ

ਅਗਲੇ ਤਿੰਨ ਸਾਲਾਂ ਵਿਚ ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਹੋਣ ਵਾਲੀ ਕੈਪੀਟਲ ਸਪੈਂਡਿੰਗ ਵਿਚ 14.6 ਬਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰਨਾ, ਅਤੇ ਟ੍ਰਾਂਸਪੋਰਟੇਸ਼ਨ, ਸਿਹਤ, ਪੋਸਟ-ਸੈਕੰਡਰੀ ਸੰਸਥਾਵਾਂ, ਪੜ੍ਹਾਈ ਅਤੇ ਰਿਹਾਇਸ਼ੀ ਪ੍ਰੋਜੈਕਟਾਂ ਨੂੰ ਕੇਂਦਰ ਬਣਾਉਣਾ।

### ਛੋਟੇ ਬਿਜ਼ਨਸਾਂ ਦੀ ਮਦਦ ਕਰਨਾ

ਬਿਜ਼ਨਸਾਂ ਲਈ ਬਿਜਲੀ 'ਤੇ ਸੂਬਾਈ ਸੇਲਜ਼ ਟੈਕਸ (ਪੀ ਐੱਸ ਟੀ) ਨੂੰ ਪੜਾਵਾਂ ਵਿਚ ਖਤਮ ਕਰਨਾ ਅਤੇ ਸਮਾਲ- ਬਿਜ਼ਨਸ ਕਾਰਪੋਰੇਟ ਇਨਕਮ-ਟੈਕਸ ਦੇ ਰੇਟਾਂ ਨੂੰ 2.5% ਤੋਂ 2% ਕਰਨਾ।


### ਨਵੀਨ ਅਤੇ ਵਾਜਬ ਜੌਬਾਂ

ਇਮਰਜਿੰਗ ਇਕੌਨਮੀ ਟਾਸਕ ਫੋਰਸ, ਫੇਅਰ ਵੇਜਿਜ਼ ਕਮਿਸ਼ਨ ਦੀ ਸਥਾਪਨਾ ਕਰਨਾ ਅਤੇ ਇਕ ਇਨੋਵੇਸ਼ਨ ਕਮਿਸ਼ਨਰ ਨਿਯੁਕਤ ਕਰਨਾ।

### ਕਾਰਬਨ ਟੈਕਸ ਅਤੇ ਕਲਾਈਮੇਟ ਐਕਸ਼ਨ ਟੈਕਸ ਕਰੈਡਿਟ

ਕਾਰਬਨ ਟੈਕਸ ਦੀ ਆਮਦਨੀ ਨਿਰਪੱਖਤਾ (ਰੈਵੇਨਿਊ ਨਿਊਟਰਲਟੀ) ਨੂੰ ਖਤਮ ਕਰਨਾ ਤਾਂ ਜੋ ਕਾਰਬਨ ਟੈਕਸ ਦੀ ਆਮਦਨੀ ਦੀ ਵਰਤੋਂ ਪਰਿਵਾਰਾਂ ਦੀ ਮਦਦ ਕਰਨ ਲਈ ਅਤੇ ਜਲਵਾਯੂ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਵਚਨਬੱਧਤਾ ਲਈ ਗਰੀਨ ਉੱਦਮਾਂ ਲਈ ਕੀਤੀ ਜਾ ਸਕੇ।

## ਐੱਮ ਐੱਸ ਪੀ ਪ੍ਰੀਮੀਅਮਜ਼



**ਸਾਲ 2018 ਵਿਚ ਐੱਮ ਐੱਸ ਪੀ ਪ੍ਰੀਮੀਅਮਜ਼ ਵਿਚ 50% ਪ੍ਰਤੀਸ਼ਤ ਕਟੌਤੀ ਕੀਤੀ ਜਾਵੇਗੀ**

ਇਹ ਉਮੀਦ ਕੀਤੀ ਜਾਂਦੀ ਹੈ ਕਿ ਸਾਡਾ ਸੂਬਾ ਇਸ ਸਾਲ ਅਤੇ ਅਗਲੇ ਸਾਲ ਆਰਥਿਕ ਵਾਧੇ ਵਿਚ ਸਭ ਤੋਂ ਅੱਗੇ ਵਾਲਿਆਂ ਵਿਚ ਹੋਵੇਗਾ। ਪਰ ਸਰਕਾਰ ਦੀ ਵਿੱਤੀ ਯੋਜਨਾ ’ਤੇ ਪਰੈਸ਼ਰ ਵੀ ਹਨ। ਇਸ ਵਿਚ ਬੇਮਿਸਾਲ ਜੰਗਲੀ ਅੱਗਾਂ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਦੀ ਮਦਦ ਕਰਨ ਦੇ ਖਰਚੇ, ਇਨਸ਼ੋਰੈਂਸ ਕਾਰਪੋਰੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦੀ ਵਿੱਤੀ ਅਸਥਿਰਤਾ, ਸੌਫਟਵੁੱਡ ਲੰਬਰ ਅਤੇ ਨੌਰਥ ਅਮੈਰੇਕਨ ਫ੍ਰੀ ਟਰੇਡ ਐਗਰੀਮੈਂਟਾਂ ਬਾਰੇ ਸ਼ੱਕ, ਸਰਕਾਰ ਤੋਂ ਇਵਜ਼ਾਨੇ ਦੇ ਨਵੇਂ ਆਦੇਸ਼ ਬਾਰੇ ਹੋਣ ਵਾਲੀ ਗੱਲਬਾਤ ਅਤੇ ਇਸ ਦੇ ਨਾਲ ਨਾਲ ਬੈਂਕ ਔਫ ਕੈਨੇਡਾ ਤੋਂ ਵਿਆਜ ਦੇ ਨਵੇਂ ਸੰਭਵ ਵਾਧੇ ਸ਼ਾਮਲ ਹਨ।

ਬਜਟ 2018 ਲਈ ਤਿਆਰ ਹੁੰਦੇ ਹੋਏ, ਅਸੀਂ ਅਜਿਹਾ ਬਿਹਤਰ ਬ੍ਰਿਟਿਸ਼ ਕੋਲੰਬੀਆ ਬਣਾਉਣਾ ਜਾਰੀ ਰੱਖਣ ਲਈ ਵਚਨਬੱਧ ਹਾਂ ਜਿੱਥੇ ਕੋਈ ਵੀ ਪਿੱਛੇ ਨਾ ਰਹੇ। ਇਸ ਦਾ ਮਤਲਬ ਹੈ ਕਿ ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣ ਲਈ, ਉਨ੍ਹਾਂ ਸੇਵਾਵਾਂ ਵਿਚ ਪੂੰਜੀ-ਨਿਵੇਸ਼ ਕਰਨ ਲਈ ਜਿਨ੍ਹਾਂ ’ਤੇ ਲੋਕ ਨਿਰਭਰ ਕਰਦੇ ਹਨ, ਅਤੇ ਇਕ ਮਜ਼ਬੂਤ, ਬਰਕਰਾਰ ਰਹਿਣ ਯੋਗ ਇਕੌਨਮੀ ਬਣਾਉਣ ਲਈ ਠੋਸ ਕਦਮ ਚੁੱਕਣਾ – ਅਤੇ ਅਸੀਂ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ। ਇਹ ਸਲਾਹ-ਮਸ਼ਵਰਾ ਬਜਟ 2018 ਲਈ ਆਪਣੀਆਂ ਤਰਜੀਹਾਂ ਦੱਸਣ ਦਾ ਤੁਹਾਡੇ ਲਈ ਮੌਕਾ ਹੈ।

## ਬਜਟ 2018 ਦੇ ਸਲਾਹ-ਮਸ਼ਵਰੇ ਲਈ ਸਵਾਲ

ਬਜਟ ਲਈ ਸਲਾਹ-ਮਸ਼ਵਰੇ ਦਾ ਇਹ ਪੇਪਰ, ਬਜਟ 2018 ਦੇ ਸਬੰਧ ਵਿਚ ਅਤੇ 2018-19 ਤੋਂ ਲੈ ਕੇ 2020-21 ਤੱਕ ਤਿੰਨ ਸਾਲਾ ਵਿੱਤੀ ਯੋਜਨਾ ਦੇ ਸਬੰਧ ਵਿਚ ਵਿੱਤੀ ਅਤੇ ਸਰਕਾਰੀ ਸੇਵਾਵਾਂ ਬਾਰੇ ਸਲੈਕਟ ਸਟੈਂਡਿੰਗ ਕਮੇਟੀ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਤੁਹਾਡੇ ਲਈ ਇਕ ਤਰੀਕਾ ਹੈ।

ਹੇਠਾਂ ਦਿੱਤੇ ਸਵਾਲ, ਅਗਾਂਹ ਵਧਣ ਦੌਰਾਨ ਤੁਹਾਡੀਆਂ ਤਰਜੀਹਾਂ ਦਾ ਪਤਾ ਲਾਉਣ ਲਈ ਤਿਆਰ ਕੀਤੇ ਗਏ ਹਨ ਤਾਂ ਜੋ ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣਾ ਜਾਰੀ ਰੱਖਿਆ ਜਾਵੇ, ਸੇਵਾਵਾਂ ਵਿਚ ਸੁਧਾਰ ਹੋਵੇ ਅਤੇ ਕੱਲ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬਰਕਰਾਰ ਰਹਿਣ ਵਾਲੀ ਇਕੌਨਮੀ ਪੈਦਾ ਕੀਤੀ ਜਾ ਸਕੇ।

***ਬ੍ਰਿਟਿਸ਼ ਕੋਲੰਬੀਆ ਵਿਚ ਜ਼ਿੰਦਗੀ ਨੂੰ ਜ਼ਿਆਦਾ ਵਾਰਾ ਖਾਣ ਯੋਗ ਬਣਾਉਣ ਵਿਚ ਮਦਦ ਕਰਨ ਲਈ ਤੁਹਾਡੀਆਂ ਸਭ ਤੋਂ ਵੱਡੀਆਂ ਤਰਜੀਹਾਂ ਕੀ ਹਨ?***

***ਸੇਵਾਵਾਂ ਵਿਚ ਕਿਹੜੇ ਸੁਧਾਰਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ?***

***ਸਾਡੇ ਸੂਬੇ ਦੇ ਹਰ ਕੋਨੇ ਵਿਚ ਚੰਗੀਆਂ ਜੌਬਾਂ ਪੈਦਾ ਕਰਨ ਲਈ ਅਤੇ ਬਰਕਰਾਰ ਰਹਿਣ ਯੋਗ ਇਕੌਨਮੀ ਉਸਾਰਨ ਲਈ ਤੁਹਾਡੇ ਵਿਚਾਰ, ਸਿਫਾਰਸ਼ਾਂ, ਅਤੇ/ਜਾਂ ਤਰਜੀਹਾਂ ਕੀ ਹਨ?***

***ਕੀ ਕੋਈ ਹੋਰ ਵਿਚਾਰ ਜਾਂ ਸੁਝਾਅ ਹਨ ਜਿਹੜੇ ਤੁਸੀਂ ਬਜਟ 2018 ਦੇ ਸਬੰਧ ਵਿਚ ਸਲੈਕਟ ਸਟੈਂਡਿੰਗ ਕਮੇਟੀ ਨਾਲ ਸਾਂਝੇ ਕਰਨਾ ਚਾਹੋਗੇ?ਰੲਗਅਰਦਨਿਗ ਭੁਦਗੲਟ 2018?***

## ਬੁਨਿਆਦੀ ਢਾਂਚੇ ’ਤੇ ਖਰਚ

*ਤਿੰਨ ਸਾਲਾਂ ਵਿਚ ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਹੋਣ ਵਾਲੀ ਕੈਪੀਟਲ ਸਪੈਂਡਿੰਗ:*

**14.6 ਬਿਲੀਅਨ ਡਾਲਰ**


**31%** ਟ੍ਰਾਂਸਪੋਰਟੇਸ਼ਨ

**16%** ਬੀ ਸੀ ਹਾਊਜ਼ਿੰਗ, ਮਨਿਸਟਰੀਆਂ ਅਤੇ ਹੋਰ

**21%** ਸਿਹਤ

**14%** ਪੜ੍ਹਾਈ

**18%** ਪੋਸਟ ਸੈਕੰਡਰੀ ਸੰਸਥਾਵਾਂ



## ਬਜਟ ਅਤੇ ਵਿੱਤੀ ਯੋਜਨਾ 2017/18 ਤੋਂ 2019/20

| (ਮਿਲੀਅਨਜ਼ ਡਾਲਰਾਂ ਵਿਚ) | ਮੌਜੂਦਾ 2016/17 | ਬਜਟ ਦਾ ਅੰਦਾਜ਼ਾ 2017/18 | ਪਲੈਨ 2018/19 | ਪਲੈਨ 2019/20 |
|---|---|---|---|---|
| ਆਮਦਨ | 51,459 | 52,407 | 52,557 | 53,677 |
| ਖਰਚ | (48,722) | (51,861) | (52,029) | (53,070) |
| ਅਨੁਮਾਨਤ ਅਲਾਊਂਸ | – | (300) | (300) | (350) |
| **ਵਾਧਾ** | **2,737** | **246** | **228** | **257** |
| **ਕੈਪੀਟਲ ਸਪੈਂਡਿੰਗ** | | | | |
| ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਕੀਤੀ ਜਾਣ ਵਾਲੀ ਕੈਪੀਟਲ ਸਪੈਂਡਿੰਗ | 3,659 | 4,956 | 4,855 | 4,814 |
| ਸੈਲਫ ਸੁਪੋਰਟਡ ਕੈਪੀਟਲ ਸਪੈਂਡਿੰਗ | 2,725 | 2,701 | 2,635 | 3,154 |
| **ਕੁੱਲ** | **6,384** | **7,657** | **7,490** | **7,968** |
| **ਸੂਬਾਈ ਕਰਜ਼ਾ** | | | | |
| ਟੈਕਸ ਦੇਣ ਵਾਲਿਆਂ ਦੀ ਮਦਦ ਵਾਲਾ ਕਰਜ਼ਾ | 41,506 | 44,853 | 47,031 | 48,642 |
| ਸੈਲਫ-ਸੁਪੋਰਟਡ ਕਰਜ਼ਾ | 24,377 | 21,624 | 22,509 | 23,764 |
| **ਕੁੱਲ ਕਰਜ਼ਾ (ਪੇਸ਼ੀਨਗੋਈ ਵਾਲੇ ਅਲਾਊਂਸ ਸਮੇਤ)** | **65,883** | **66,777** | **69,840** | **72,756** |
| **ਟੈਕਸ ਦੇਣ ਵਾਲਿਆਂ ਦੀ ਮਦਦ ਵਾਲੇ ਕਰਜ਼ੇ ਅਤੇ ਜੀ ਡੀ ਪੀ ਦਾ ਅਨੁਪਾਤ** | **15.8 %** | **16.2 %** | **16.4 %** | **16.3 %** |
| **ਟੈਕਸ ਦੇਣ ਵਾਲਿਆਂ ਦੀ ਮਦਦ ਵਾਲੇ ਕਰਜ਼ੇ ਅਤੇ ਆਮਦਨ ਦਾ ਅਨੁਪਾਤ** | **81.8 %** | **87.8 %** | **91.7 %** | **93.0 %** |
| **ਆਰਥਿਕ ਪੇਸ਼ੀਨਗੋਈ** *(ਕਲੰਡਰ ਸਾਲ)* | **2016** | **2017** | **2018** | **2019** |
| ਅਸਲੀ ਜੀ ਡੀ ਪੀ ਵਾਧਾ | 3.6 % | 2.9 % | 2.1 % | 2.0 % |
| ਨੌਮੀਨਲ ਜੀ ਡੀ ਪੀ ਵਾਧਾ | 5.1 % | 5.1 % | 4.1 % | 4.0 % |
| ਆਬਾਦੀ (000 ਵਿਚ) | 4,752 | 4,806 | 4,863 | 4,919 |

### ਆਪਣੇ ਵਿਚਾਰ ਕਿਵੇਂ ਦੇਣੇ ਹਨ

ਵਿੱਤੀ ਅਤੇ ਸਰਕਾਰੀ ਸੇਵਾਵਾਂ ਬਾਰੇ ਸਲੈਕਟ ਸਟੈਂਡਿੰਗ ਕਮੇਟੀ ਦੇ ਸਲਾਹ-ਮਸ਼ਵਰੇ ਦੇ ਕਾਰਜ ਵਿਚ ਹਿੱਸਾ ਲੈਣ ਲਈ ਕਿਰਪਾ ਕਰਕੇ *www.leg.bc.ca/cmt/finance* ’ਤੇ ਜਾਉ।



### ਬ੍ਰਿਜਾਂ ’ਤੇ ਟੋਲਾਂ ਦਾ ਖਾਤਮਾ



ਔਸਤ ਡਰਾਈਵਰ ਲਈ ਸਲਾਨਾ ਬੱਚਤਾਂ

**1,500 ਡਾਲਰ**

ਕਮਰਸ਼ੀਅਲ ਟਰੱਕ ਡਰਾਈਵਰ ਲਈ ਸਲਾਨਾ ਬੱਚਤਾਂ

